# ਸਮਾਜਿਕ ਸਮਾਨਤਾ ਅਤੇ ਧਾਰਮਿਕ ਸਹਿਣਸ਼ੀਲਤਾ ਦੇ ਪ੍ਰਤੀਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਡਾ: ਹੰਸ਼ਪ੍ਰੀਤ ਕੌਰ
ਸਹਾਇਕ ਪ੍ਰੋਫੈਸਰ
ਪੀ.ਜੀ. ਪੰਜਾਬੀ ਵਿਭਾਗ
ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ,
ਸੈਕਟਰ 26, ਚੰਡੀਗੜ੍ਹ
ਫੋਨ ਨੰਬਰ : 9878984038

ਜਿਸ ਸਾਂਝੀਵਾਲਤਾ ਦੀ ਨੀਹ ਗੁਰੂ ਨਾਨਕ ਦੇਵ ਜੀ ਨੇ ਰੱਖੀ ਸੀ, ਉਹਦੀ ਬਰਾਦਰੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿੱਚ ਖਾਲਸਾ ਆਖਿਆ ਜਾਣ ਲੱਗ ਪਿਆ। ਗੁਰੂ ਨਾਨਕ ਦੇਵ ਜੀ ਦੀ ਇਹ ਨੀਤੀ ਭਾਰਤ ਵਾਸੀਆਂ ਦੀ ਆਤਮਿਕ, ਸਦਾਚਾਰਕ, ਸਮਾਜਿਕ ਅਤੇ ਆਰਥਿਕ ਉਚਤਾ ਦਾ ਕਾਰਨ ਬਣੀ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਜਥੇਬੰਦੀ ਨੂੰ ਆਪਣੇ ਦਾਦੇ ਗੁਰੂ ਹਰਿ ਗੋਬਿੰਦ ਸਾਹਿਬ ਦੀ ਤਰ੍ਹਾਂ ਜ਼ੁਲਮ ਦੇ ਵਿਰੁੱਧ ਉਭਾਰਿਆ ਅਤੇ ਰਾਜਨੀਤਕ ਤੌਰ ਤੇ ਵੀ ਇੱਕ ਮਜ਼ਬੂਤ ਸ਼ਕਤੀ ਬਣਾ ਲਿਆ।

16ਵੀ ਸਦੀ ਦਾ ਸਮਾਂ ਰਾਜਨੀਤਿਕ ਮਤ ਭੇਦ ਦਾ ਸਮਾਂ ਸੀ। ਮੁਸਲਮਾਨ ਰਾਜਿਆਂ ਦੇ ਜ਼ੁਲਮ ਦਿਨ ਪ੍ਰਤੀ ਦਿਨ ਵਧ ਰਹੇ ਸਨ। ਗੁਲਾਮੀ ਦੀਆਂ ਜੰਜ਼ੀਰਾਂ ਵਿੱਚ ਜਕੜੇ ਹੋਏ ਹਿੰਦੂ ਸਦਾਚਾਰਕ ਤੌਰ ਤੇ ਗਿਰ ਰਹੇ ਸਨ। ਜਿਨ੍ਹਾਂ ਵਿਚੋ ਕੁਝ ਆਪਣੇ ਧਰਮ ਨੂੰ ਤਿਆਗ ਕੇ ਮੁਸਲਮਾਨ ਬਣ ਰਹੇ ਸਨ। ਸੱਚ ਨੂੰ ਦਬਾਇਆ ਜਾ ਰਿਹਾ ਸੀ। ਜੇ ਕੋਈ ਵਿਅਕਤੀ ਜੁਲਮ ਦੇ ਖਿਲਾਫ਼ ਅਵਾਜ਼ ਉਠਾਉਣ ਦਾ ਯਤਨ ਕਰਦਾ ਸੀ ਤਾਂ ਉਸਦੀ ਅਵਾਜ਼ ਨੂੰ ਦਬਾ ਦਿੱਤਾ ਜਾਂਦਾ ਸੀ। ਇਹੋ ਜਿਹੇ ਮੁਸ਼ਕਿਲ ਦੇ ਸਮੇ ਵਿੱਚ ਕੋਈ ਮਹਾਨ ਪੁਰਖ ਹੀ ਹਿੰਦੂ ਧਰਮ ਨੂੰ ਬਚਾ ਸਕਦਾ ਸੀ। ਅਨੇਕਾਂ ਦੁੱਖ ਸਹਿਣ ਕਰਦੇ ਹੋਏ ਵੀ ਭਾਰਤ ਵਾਸੀਆਂ ਦੀ ਭਗਤ੍ਆਤਮਾ ਦਿਨ ਪ੍ਰਤੀ ਦਿਨ ਸ਼ਕਤੀਸ਼ਾਲੀ ਹੁੰਦੀ ਗਈ। ਜਿਸ ਭਗਤੀ ਲਹਿਰ ਨੂੰ ਗੁਰੂ ਨਾਨਕ ਦੇਵ ਜੀ ਨੇ ਚਲਾਇਆ ਸੀ ਉਸੇ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਨਵਾਂ ਰੂਪ ਪ੍ਰਦਾਨ ਕੀਤਾ। ਉੱਚ੍ਨੀਚ ਦੇ ਵਿਤਕਰਿਆਂ ਨੂੰ ਮੇਟ ਕੇ ਜਾਤ੍ਾਂਵਰਨਾਂ, ਭਿੰਨਾ ਭੇਤਾਂ ਤੇ ਵਖਰੇਵਿਆਂ ਨੂੰ ਹਟਾ ਮਿਟਾ ਕੇ ਅਨੇਕਾਂ ਇਸ਼ਟਾਂ ਦੀ ਪੂਜਾ ਦੇ ਥਾਂ ਇੱਕ ਅਕਾਲ ਪੁਰਖ ਦੀ ਪੂਜਾ ਦੀ ਰੀਤ ਚਲਾ ਕੇ, ਜਿਸ ਨਵੀ ਕੌਮ ਦੀ ਤਿਆਰੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰੰਭੀ ਸੀ, ਉਸਦੀ ਘਾੜਤ ਪੂਰੀ ਹੋਈ। ਸ੍ਰੀ ਦਸ਼ਮੇਸ਼ ਜੀ ਦੇ ਅੰਮ੍ਰਿਤ ਨੇ ਇਸ ਰਚਨਾ ਉਪਰ ਪੂਰਨਤਾ ਦੀ ਮੋਹਰ ਲਾ ਦਿੱਤੀ। ਚਹੁੰਆਂ ਵਰਨਾਂ ਨੂੰ ਅਨਿੱਖੜਵੇ ਢੰਗ ਨਾਲ ਰਲਾ ਕੇ ਇੱਕ੍ਮਿਕ ਕਰਕੇ ਪੰਥ ਦੇ ਸਾਜਣਹਾਰ ਨੇ ਖਾਲਸ੍ਪੰਥ ਦੀ ਸਾਜਨਾ ਕੀਤੀ। ਜਿੱਥੇ ਆਪ ਨੇ ਉੱਚ ਜਾਤੀਆਂ ਨੂੰ ਜਾਤ ਅਭਿਮਾਨ ਛੱਡ ਕੇ ਅਤੇ ਨਿਰਮਾਣ ਬਣ ਕੇ ਵਾਹਿਗੁਰੂ ਦੇ ਪਿਆਰੇ ਅਤੇ ਸਭ ਇਨਸਾਨਾਂ ਦੇ ਦੁੱਖ ਦਰਦ ਵੰਡਾਉਣ ਦੀ ਸਿੱਖਿਆ ਦਿੱਤੀ, ਉਥੇ ਆਪ ਨੇ ਨੀਵੀਆਂ ਜਾਤਾਂ ਵਾਲੇ ਨੀਚ੍ਜਾਤੀਆਂ ਨੂੰ ਨੀਵੇ ਪਨ ਅਤੇ ਹੀਣਤਾ ਦੇ ਸਭ ਖਿਆਲ,

ਵਹਿਮ ਤੇ ਰੁਚੀਆਂ ਛੱਡ ਕੇ ਆਪਣੇ ਆਪ ਨੂੰ ਹੋਰਨਾਂ ਵਰਗਾ ਸਮਝਣ ਅਤੇ ਅਣਖ ਸਹਿਤ ਰਹਿਣ੍ਬਹਿਣ ਦੀ ਜਾਚ ਦੱਸੀ।[1]

ਗੁਰਦੇਵ ਨੇ ਮਨੁੱਖਤਾ ਦੀ ਬਰਾਬਰਤਾ ਦਾ ਪ੍ਰਚਾਰ ਕੀਤਾ। ਜਾਤ ਦੇ ਪੱਖੋਂ ਕੋਈ ਵੀ ਨੀਵਾਂ ਨਹੀ ਹੋ ਸਕਦਾ। ਉਨ੍ਹਾਂ ਨੇ ਫੁਰਮਾਇਆ :

ਦੇਹੁਰਾ ਮਸੀਤ ਸੋਈ, ਪੂਜਾ ਔ ਨਜਾਜ਼ ਓਈ

ਮਾਨਸ ਸਭੈ ਹੇਕ ਪੈ ਅਨੇਕ ਕੋ ਪ੍ਰਭਾਉ ਹੈ।

ਦੇਵਤਾ ਅਦੇਵ ਜਛ ਗੰਧਰਵ ਤੁਰਕ ਹਿੰਦੂ

ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।

ਏਕੈ ਨੈਨ ਏਕੈ ਦਾਨ ਏਕੈ ਦੇਹ ਏਕੈ ਬਾਨ

ਖ਼ਾਕ ਬਾਦ ਆਦਸ਼ ਓ ਆਬ ਕੋ ਰਲਾਉ ਹੈ।

ਅਲਾ ਅਭੇਖੁ ਸੋਈ ਪੁਰਾਨ ਓ ਕੁਰਾਨ ਓਈ।

ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ।

ਏਦਾਂ ਹੀ “”” ਮਾਨਸ ਕੀ ਜਾਤ ਸਬੈ ਏਕੈ ਹੀ ਪਹਿਚਾਨਬੋ।’’[2]

ਗੁਰਦੇਵ ਨੇ ਅਸਲੀ ਲੋਕ ਰਾਜ ਦਾ ਵਲ ਸਿਖਾਇਆ। ਉਨ੍ਹਾਂ ਨੇ ਪੰਜ ਪਿਆਰਿਆਂ ਦੀ ਸਥਾਪਨਾ ਕਰਕੇ ’ਪੰਜ ਸ਼ਬਦ’ ਨੂੰ ਮਹਾਨਤਾ ਦਿੱਤੀ। ਪੰਜਾਂ ਵਿੱਚ ਆਪ ਪਰਮੇਸ਼ਰ ਹੈ, ਜਿੱਥੇ ਵੀ ਪੰਜ ਸਿੰਘ ਰਲ ਬਹਿੰਦੇ ਹਨ, ਉਥੇ ਗੁਰੂ ਆਪ ਹਾਜ਼ਰ ਹੁੰਦਾ ਹੈ। ਗੁਰੂ ਜੀ ਨੇ ਪਹਿਲੇ ਆਪ ਪੰਜਾਂ ਨੂੰ ਅੰਮ੍ਰਿਤ ਛਕਾਇਆ ਤੇ ਮਗਰੋਜ਼ ਉਨ੍ਹਾਂ ਤੋ ਆਪ ਛਕਿਆ। ਇਉ ਗੁਰੂ ਚੇਲੇ ਦੇ ਰੂਪ ਵਿੱਚ ਸਾਹਮਣੇ ਆਇਆ, ਗੁਰੂ ਤੇ ਚੇਲਾ ਇੱਕ ਮਿਕ ਹੋ ਗਏ। ਖਾਲਸਾ ਬਰਾਦਰੀ ਵਿੱਚ ਉਨ੍ਹਾਂ ਨੇ ਸਭ ਨੂੰ ਇੱਕ੍ਮਿਕ ਕਰ ਦਿੱਤਾ, ਬ੍ਰਾਹਮਣ ਤੇ ਸੂਦਰ ਇਕੋ ਥਾਂ ਬੈਠ ਕੇ ਛੱਕਣ ਲੱਗ ਪਏ, ਕਿਉ ਜੋ ਗੁਰੂ ਦੇ ਅੰਮ੍ਰਿਤ ਨੇ ਉਨ੍ਹਾਂ ਨੂੰ ਇੱਕ ਕਰ ਦਿੱਤਾ ਸੀ। ਗੁਰੂ ਜੀ ਨੇ ਕਿਹਾ ਕਿ ਸਭ ਦੇਸ਼ਾਂ ਤੇ ਮਨੁੱਖ ਤੇ ਸਭ ਜਾਤਾਂ ਦੇ ਮਨੁੱਖ ਇੱਕੋ ਜਿਹੇ ਹਨ, ਇਸ ਲਈ ਬਰਾਬਰ ਹਨ ਅਤੇ ਭਾਈ ਭਾਈ ਹਨ।

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,

ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਕੇ।

ਹਿੰਦੂ ਤੁਰਕ ਕੋਊ ਹਾਫਜੀ ਇਮਾਮ ਸ਼ਾਫੀ

ਮਾਨਸ ਕੀ ਜਾਤ ਸਬੈ ਏਕੈ, ਪਹਿਚਾਨਬੋ

ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,

ਦੂਸਰੋ ਨਾ ਭੇਦ ਕੋਈ ਭੁਲ ਭ੍ਰਮ ਮਾਦਬੇ।

ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,

ਏਹ ਹੀ ਸਰੂਪ ਸਬੈ ਏਕੇ ਜੋਤ ਜਾਨਬੋ।[3]

ਸਿੱਖ ਸਮਾਜ ਜਾਤ ਪਾਤ ਨੂੰ ਨਹੀਜ਼ ਮੰਨਦਾ

ਕਿਉਜ਼ਕਿ ਇਹ ਅਸਮਾਨਤਾ ਉਤੇ ਆਧਾਰਤ ਹੈ।

ਗੁਰੂ ਗੋਬਿੰਦ ਸਿੰਘ ਜੀ ਫ਼ਰਮਾਂਦੇ ਹਨ:

''ਏਕੈ ਨੈਣ ਏਕੈ ਕਾਨ

ਏਕੈ ਦੇਹ ਏਕੈ ਬਾਨ

ਖਾਕ ਬਾਦ ਆਤਸ਼ ਔ

ਆਬ ਕੋ ਰਲਾਊ ਹੈ

ਅਲਹ ਅਭੇਖ ਸੋਈ

ਪੁਰਾਨ ਔ ਕੁਰਾਨ ਓਈ,

ਏਕ ਹੀ ਸਰੂਪ ਸਭੈ

ਏਕ ਹੀ ਬਨਾਉ ਹੈ।[4]

ਸਿੱਖ ਸਮਾਜ ਦਾ ਆਧਾਰ ਸਮਾਨਤਾ ਉਤੇ ਰੱਖਿਆ ਗਿਆ ਹੈ ਅਤੇ ਉਹ ਸਮਾਨਤਾ ਜੋ ਸਾਡੇ ਧਾਰਮਿਕ ਸੰਕਲਪਾਂ ਵਿਚੋ ਪੈਦਾ ਹੁੰਦੀ ਹੈ। ਸਿੱਖ ਧਰਮ ਇੱਕ ਵਾਹਿਗੁਰੂ ਵਿੱਚ ਵਿਸ਼ਵਾਸ ਰੱਖਦਾ ਹੈ। ਸਭ ਇਨਸਾਨ ਪਰਮਾਤਮਾ ਦਾ ਰੂਪ ਹਨ ਅਤੇ ਬਰਾਬਰ ਹਨ। ਸਾਰਾ ਸੰਸਾਰ ਇੱਕ ਨੂਰ ਤੋ ਉਪਜਿਆ ਹੈ, ਇਨਸਾਨ ਦਾ ਜੀਵਨ ਮਨੋਰਥ ਪਰਮ੍ਆਤਮਾ ਦਾ ਮੇਲ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫਰਮਾਉਦੇ ਹਨ:

ਜਿਮੀ ਜਮਾਨ ਦੇ ਬਿਖੈ, ਸਮਸਤ ਏਕ ਜੋਤਿ ਹੈ।।

ਨ ਘਾਟ ਹੈ ਨ ਬਾਢ ਹੈ, ਨਾ ਘਾਟ ਬਾਢ ਹੋਤ ਹੈ।।

ਨ ਹਾਨ ਹੈ ਨ ਬਾਨ ਹੈ, ਸਮਾਨ ਰੂਪ ਜਾਨੀਐ।।

ਮਕੀਨ ਅਉ ਮਕਾਨਿ ਅਪ੍ਰਮਾਨ ਤੇ ਮਾਨੀਐ।।[5]

ਗੁਰੂ ਗੋਬਿੰਦ ਸਿੰਘ ਜੀ ਸੱਚੇ ਤਿਆਗੀ ਸਨ ਤੇ ਨਿਸ਼ਕਾਮ ਦੇਸ਼ਭਗਤ। ਕ੍ਰਿਸ਼ਨ ਤੇ ਭੀਸ਼ਮ ਨੇ ਮਹਾਂਭਾਰਤ ਵਿੱਚ ਉਪਦੇਸ਼ ਕਰਦਿਆਂ ਆਖਿਆ ਹੈ ਕਿ ਸਭ ਤੋ ਵੱਡਾ ਤਿਆਗੀ ਪੁਰਸ਼ ਉਹ ਹੁੰਦਾ ਹੈ, ਜੋ ਦੂਜਿਆਂ ਦੀ ਭਲਾਈ ਲਈ ਆਪਣੇ ਪ੍ਰਾਣ ਤਿਆਗਦਾ ਹੈ ਤੇ ਗੁਰੂ ਜੀ ਨੇ ਦੂਜਿਆਂ ਦੇ ਲਾਭ ਲਈ ਨਾ ਕੇਵਲ ਆਪਣੇ ਪ੍ਰਾਣ ਹੀ ਤਿਆਗੇ, ਸਗੋ ਉਨ੍ਹਾਂ ਸਭ ਕੁਝ, ਜੋ ਕੁਝ ਵੀ ਉਨ੍ਹਾਂ ਦਾ ਇਸ ਸੰਸਾਰ ਵਿੱਚ ਸੀ, ਤੇ ਕਿਸੇ ਇਨਸਾਨ ਕੋਲ ਜੋ ਹੋ ਸਕਦਾ ਹੈ, ਉਹ ਦੇਸ਼ਭਗਤੀ ਉਤੇ ਲਾ ਦਿੱਤਾ। ਜੋ ਪਾਈ ਪੈਸਾ ਉਨ੍ਹਾਂ ਪਾਸ ਆਇਆ ਸਾਰਾ ਕੌਮ ਤੇ ਅਰਪਨ ਕੀਤਾ। ਆਪਣੀ ਸਾਰੀ ਸੰਤਾਨ ਕੌਮ ਤੋ ਘੋਲ ਘੁਮਾਈ। ਆਪਣੇ ਪੰਜ ਪਿਆਰੇ ਕੌਮ ਤੋ ਵਾਰੇ। ਆਪਣੀ ਤਾਕਤ ਤੇ ਭੁਜ ਬਲ ਨੂੰ ਕੌਮ ਦੇ ਲੇਖ ਲਾਇਆ। ਆਪਣੀ ਦਿਮਾਗੀ ਸ਼ਕਤੀ ਕੌਮ ਲਈ ਵਕਫ਼ ਕੀਤੀ। ਉਸਾਰੂ ਸਾਹਿਤ ਰਚਿਆ ਤੇ ਕੌਮ ਵਿੱਚ ਨਵਾਂ ਜੀਵਨ ਤੇ ਸਾਹਸ ਪੈਦਾ ਕੀਤਾ। ਆਪਣੇ ਸੁਖ ਚੈਨ ਨੂੰ ਕੌਮ ਤੋਜ਼ ਘੋਲ ਘੁਮਾਇਆ। ਆਪਣੇ ਸਰੀਰ ਤੇ ਜਿਸਮ ਦੇ ਲਹੂ ਨੂੰ ਕੌਮ ਤੋਜ਼ ਨਿਛਾਵਰ ਕੀਤਾ। ਕਿਹੜੀ ਚੀਜ਼ ਸੀ ਜੋ ਕੌਮ ਤੋ ਛੁਪਾ ਕੇ ਰੱਖੀ? ਇਸ ਵਾਸਤੇ ਹੀ ਭਾਰਤਵਰਸ਼ ਵਿੱਚ ਸਭ ਤੋ ਵੱਡੇ ਤਿਆਗੀ ਗੁਰੂ ਗੋਬਿੰਦ ਸਿੰਘ ਜੀ ਹੀ ਸਨ।[6]

ਗੁਰੂ ਕਲਗੀਧਰ ਦੀ ਸ਼ਹਾਦਤ ਨੇ ਅਜਿਹੇ ਪੂਰਨੇ ਪਾਏ ਕਿ ਹਕੀਕਤ ਰਾਇ ਜਿਹੇ ਛੋਟੀ ਆਯੂ ਦੇ ਬਾਲਕ ਵੀ ਮੌਤ ਨੂੰ ਹਸ ਹਸ ਕੇ ਮਿਲੇ। ਉਨ੍ਹਾਂ ਨੇ ਸਿਖੀ ਨੂੰ ਸਭ ਤੋਜ਼ ਉਪਰ ਜਾਣਿਆ। ਸਿੱਖਾਂ ਨੇ ਬੰਦ ਬੰਦ ਕਟਵਾਏ, ਪੁੱਠੀਆਂ ਖੱਲਾਂ ਲੁਹਾਈਆਂ, ਆਰਿਆ ਨਾਲ ਚੀਰੇ ਗਏ, ਦੇਗਾਂ ਵਿੱਚ ਉਬਾਲੇ ਗਏ, ਚਰਖੜਿਆਂ ਤੇ ਚੜ੍ਹੇ, ਜੀਦੇ ਜੀ ਅੱਗਾਂ ਵਿੱਚ ਸਾੜੇ ਗਏ, ਪਰ ਏਨੇ ਦੁੱਖ ਸਹਿੰਦਿਆਂ ਵੀ ਸਿੱਖੀ ਸਿਦਕ ਨਹੀ ਹਾਰਿਆ। ਗੁਰਦੇਵ ਦੀ ਰਾਸ਼ਟਰੀਅਤਾ ਹੇਠ ਲਿਖੇ ਬੰਦਾਂ ਤੋ ਭਲੀ ਭਾਂਤ ਪ੍ਰਗਟ ਹੁੰਦੀ ਹੈ :

ਦੇਹ ਸ਼ਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨਾ ਟਰੋ। ਨਾ ਡਰੋ ਅਰਿ ਸੋ ਜਬ ਜਾਇ ਲਰੋ ਨਿਸ਼ਚੈ ਕਰ ਅਪਨੀ ਜੀਤ ਕਰੋ।

ਅਰ ਸਿੱਖ ਹੋ ਅਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋ।

ਜਬ ਆਣ ਕੀ ਅਉਧ ਨਿਦਾਨ ਬਨੈ, ਅਤਿ ਹੀ ਰਣ ਮੈਜ਼ ਜਬ ਜੂਝ ਮਰੋ।[7]

## ਹਵਾਲੇ ਅਤੇ ਟਿੱਪਣੀਆਂ


1. ਪ੍ਰੋ: ਕਰਤਾਰ ਸਿੰਘ, **ਸਿੱਖ ਇਤਿਹਾਸ ਭਾਗ੍2**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ 806

2. ਡਾ. ਸੁਰਿੰਦਰ ਸਿੰਘ ਕੋਹਲੀ, **ਗੁਰੂ ਗੋਬਿੰਦ ਸਿੰਘ ਜੀਵਨ ਤੇ ਰਚਨਾ**, ਪਬਲੀਕੇਸ਼ਨ ਬਿਉਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਪੰਨਾ੍24

3. ਉਹੀ, ਪੰਨਾ੍101

4. ਪ੍ਰੋ: ਪ੍ਰੀਤਮ ਸਿੰਘ ਗਿੱਲ, **ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇੱਕ ਦਾਰਸ਼ਨਿਕ ਅਧਿਐਨ**, ਨਿਊ ਬੁਕ ਕੰਪਨੀ ਮਾਈ ਹੀਰਾ ਗੇਟ, ਜਲੰਧਰ, ਪੰਨਾ 66

5. ਗਿ: ਹਰਿਬੰਸ ਸਿੰਘ, **ਅਕਾਲ ਉਸਤਤਿ ਦਰਸ਼ਨ,** ਗੁਰਬਾਣੀ ਸੇਵਾ ਪ੍ਰਕਾਸ਼ਨ, ਪਟਿਆਲਾ, ਪੰਨਾ 108

6. ਦੌਲਤ ਰਾਏ ਦੀਆਂ ਨਜ਼ਰਾਂ ਵਿੱਚ **ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ,** ਗੁਰਮਤਿ ਸਾਹਿਤ ਚੈਰੀਟੇਬਲ ਟਰੱਸਟ, ਬਾਜਾਰ ਮਾਈ ਸੇਵਾ, ਅੰਮ੍ਰਿਤਸਰ ਪੰਨਾ 203

7. ਡਾ. ਸੁਰਿੰਦਰ ਸਿੰਘ ਕੋਹਲੀ, **ਗੁਰੂ ਗੋਬਿੰਦ ਸਿੰਘ ਜੀਵਨ ਤੇ ਰਚਨਾ,** ਪਬਲੀਕਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ। ਪਟਿਆਲਾ 100